BCM SCHOOL BASANT AVENUE DUGRI LUDHIANA

Class XII Arts

Subject -Punjabi

**Assignment**

**1.ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ -**

**ਸੁਲੱਖਣਾ ਬੰਦਾ ਵੱਡਿਆਂ ਦਾ ਸਤਿਕਾਰ ਕਰਦਾ ਹੈ, ਉਹਨਾਂ ਨੂੰ ਪਹਿਲ ਦਿੰਦਾ ਹੈ, ਬਰਾਬਰ ਦਿਆਂ ਦਾ ਮਾਣ ਕਰਦਾ ਹੈ, ਛੋਟਿਆਂ ਦਾ ਆਦਰ ਕਰਦਾ ਹੈ, ਉਹਨਾਂ ਨੂੰ ਰਾਹ ਪਾਉਂਦਾ ਹੈ, ਇਸਤਰੀਆਂ ਤੋਂ ਅੱਖ ਨੀਵੀਂ ਰੱਖਦਾ ਹੈ, ਯਥਾਸ਼ਕਤੀ ਆਪਣੀ ਲੋੜ ਉਹਨਾਂ ਦੇ ਪਿੱਛੇ ਰੱਖਦਾ ਹੈ। ਇਸਤਰੀ ਜਾਤੀ ਦਾ ਹਰ ਥਾਂ ਮਾਣ ਕਰਨਾ ਤੇ ਉਸ ਨੂੰ ਪਹਿਲ ਦੇਣੀ ਸੁਲੱਖਣੇ ਬੰਦਿਆਂ ਦਾ ਵੱਡਾ ਚਿੰਨ੍ਹ ਹੈ। ਸਾਊ ਬੰਦੇ ਦੀ ਮੋਟੀ ਜਿਹੀ ਨਿਸ਼ਾਨੀ ਇਹ ਹੈ ਕਿ ਉਹ ਕਦੇ ਕਾਹਲਾ, ਹਫਲਿਆ ਤੇ ਆਪੇ ਤੋਂ ਬਾਹਰ ਨਹੀਂ ਦਿਸੇਗਾ। ਲੋਕ ਗੱਡੀ ਚੜ੍ਹਨ ਲਈ ਇੰਞ ਭੱਜਦੇ ਤੇ ਧੱਕਮ-ਧੱਕਾ ਹੁੰਦੇ ਹਨ, ਜਿਵੇਂ ਅੱਗ ਲੱਗ ਗਈ ਹੁੰਦੀ ਹੈ, ਪਰ ਸੁਚੱਜਾ ਆਦਮੀ ਅਡੋਲ ਟਿਕਿਆ ਰਹਿੰਦਾ ਹੈ। ਕਾਹਲ ਤੇ ਤਿੱਖਾਪਣ ਭਾਵੇਂ ਤੁਰਨ-ਫਿਰਨ ਵਿੱਚ ਹੋਵੇ, ਭਾਵੇਂ ਅੱਖਾਂ ਦਾ ਹੋਵੇ, ਭਾਵੇਂ ਜ਼ਬਾਨ ਦਾ, ਸ਼ੋਭਾ ਨਹੀਂ ਦਿੰਦਾ। ਆਪੋ-ਵਿੱਚ ਗੱਲ ਕਰਦਿਆਂ ਦੂਜਿਆਂ ਦਾ ਖ਼ਿਆਲ ਰੱਖਣਾ, ਉੱਚਾ ਨਾ ਬੋਲਣਾ, ਨਾ ਹਿੜ-ਹਿੜ ਕਰ ਕੇ ਹੱਸਣਾ, ਦੂਜਿਆਂ ਵੱਲ ਨਾ ਘੂਰਨਾ ਤੇ ਉਹਨਾਂ ਦੀਆਂ ਚੀਜ਼ਾਂ ਨੂੰ ਗਹੁ ਨਾਲ ਨਾ ਪੜਤਾਲਣਾ, ਕਿਸੇ ਦੀ ਪੁਸਤਕ ਜਾਂ ਅਖ਼ਬਾਰ ਪੜ੍ਹਨ ਦੀ ਕੋਸ਼ਿਸ਼ ਨਾ ਕਰਨੀ, ਨਾ ਹੱਥ ਵਿੱਚੋਂ ਖੋਹਣ ਦਾ ਯਤਨ ਕਰਨਾ, ਦੂਜੇ ਨੂੰ ਆਪਣੇ ਕਰ ਕੇ ਕੋਈ ਔਖ ਨਾ ਦੇਣਾ, ਤੇ ਜੇ ਬੇਵੱਸੀ ਨਾਲ ਦਿੱਤੀ ਜਾਵੇ ਤਾਂ ਖਿਮਾ ਮੰਗਣੀ, ਇਹ ਮੋਟੇ ਜਿਹੇ ਨਿਯਮ ਹਨ; ਵਰਤਣ ਤੇ ਬੈਠਣ ਦੇ।**

**(i)ਵੱਡਿਆਂ ਦਾ ਸਤਿਕਾਰ ਤੇ ਬਰਾਬਰ ਦਿਆਂ ਨੂੰ ਮਾਣ ਕੌਣ ਦਿੰਦਾ ਹੈ ?**

**(ੳ) ਸੁਲੱਖਣਾ ਬੰਦਾ (ਅ) ਹਰ ਕੋਈ (ੲ) ਆਪ ਹੁਦਰਾ (ਸ) ਕਾਹਲੇ ਸੁਭਾਅ ਵਾਲਾ**

**(ii) ਸੁਲੱਖਣੇ ਬੰਦਿਆਂ ਦਾ ਵੱਡਾ ਚਿੰਨ੍ਹ ਕਿਹੜਾ ਹੈ ?**

**(ੳ) ਵੱਡਿਆਂ ਦਾ ਸਤਿਕਾਰ। (ਅ) ਲੋਕਾਂ ਨੂੰ ਰਾਹੇ ਪਾਉਣਾ**

**(ੲ) ਇਸਤਰੀਆਂ ਦਾ ਹਰ ਥਾਂ ਮਾਣ ਸਤਿਕਾਰ ਕਰਨਾ। (ਸ) ਇਨ੍ਹਾਂ 'ਚੋਂ ਕੋਈ ਵੀ ਨਹੀਂ**

**(iii)ਸਾਊ ਬੰਦੇ ਦੀ ਮੋਟੀ ਜਿਹੀ ਨਿਸ਼ਾਨੀ ਕਿਹੜੀ ਦੱਸੀ ਗਈ ਹੈ ?**

**(ੳ) ਕਦੇ ਕਾਹਲਾ ਨਹੀਂ ਪੈਂਦਾ (ਅ) ਹਫੜ-ਦਫੜ ਕਰਦਾ**

**(ੲ) ਵੱਡਿਆਂ ਦਾ ਸਤਿਕਾਰ ਕਰਦਾ (ਸ) ਗੁੱਸੇਖੋਰਾ**

(iv)ਕੌਣ ਗੱਡੀ ਚੜ੍ਹਨ ਲਈ ਧੱਕਮ-ਧੱਕਾ ਕਰਦੇ ਹਨ ?

(ੳ) ਸਾਊ (ਅ) ਸੁਲੱਖਣੇ (ੲ) ਆਮ ਲੋਕ (ਸ) ਸਮਝਦਾਰ

(v)ਖ਼ਾਲੀ ਥਾਂ ਭਰੋ :

ਪਰ ਸੁਚੱਜਾ ਆਦਮੀ ... ਟਿਕਿਆ ਰਹਿੰਦਾ ਹੈ।

(ੳ) ਅਰਾਮ ਨਾਲ (ਅ) ਅਡੋਲ (ੲ) ਸਬਰ ਨਾਲ (ਸ) ਡਾਵਾਂਡੋਲ

(Vi )ਦੂਜਿਆਂ ਦਾ ਖ਼ਿਆਲ ਖਾਸ ਕਰਕੇ ਕਦੋਂ ਰੱਖਣਾ ਚਾਹੀਦਾ ਹੈ ?

(ੳ) ਆਪੋ ਵਿੱਚ ਗੱਲ ਕਰਦਿਆਂ (ਅ) ਸਫ਼ਰ ਕਰਦਿਆਂ

(ੲ) ਰੋਟੀ ਖਾਂਦਿਆਂ (ਸ) ਅਖ਼ਬਾਰ ਪੜ੍ਹਦਿਆਂ

(vii)ਉਪਰੋਕਤ ਪੈਰੇ ਅਨੁਸਾਰ ਵਰਤਣ ਤੇ ਬੈਠਣ ਦੇ ਮੋਟੇ ਨਿਯਮ ਕਿਹੜੇ ਹਨ ?

(ੳ) ਉੱਚਾ ਨਾ ਬੋਲਣਾ (ਅ) ਕਿਸੇ ਦੀ ਪੁਸਤਕ ਜਾਂ ਅਖ਼ਬਾਰ ਨਾ ਪੜ੍ਹਨੀ

(ੲ) ਆਪੋ ਵਿੱਚ ਗੱਲ ਕਰਦਿਆਂ ਇੱਕ ਦੂਜੇ ਦਾ ਖ਼ਿਆਲ ਰੱਖਣਾ

(ਸ) ਉਪਰੋਕਤ ਸਾਰੇ ਹੀ (ੳ, ਅ, ੲ))

(viii)ਪੈਰੇ ਦਾ ਢੁਕਵਾਂ ਸਿਰਲੇਖ ਦੱਸੋ।

(ੳ) ਸੁਲੱਖਣਾ ਬੰਦਾ/ਸੁਲਝਿਆ ਇਨਸਾਨ (ਅ) ਸਾਊ ਬੰਦੇ ਦੇ ਫ਼ਰਜ਼

(ੲ) ਜੀਵਨ ਜਾਚ ਦੇ ਤਰੀਕੇ (ਸ) ਆਪਸੀ ਮਿਲਵਰਤਣ

2. ਲਿਖਣ ਕੌਸ਼ਲ

1.ਤੁਸੀਂ ਆਪਣੇ ਕੈਫੇ ਲਈ ਕਿਸੇ ਕੰਪਨੀ ਦਾ ਕੰਪਿਊਟਰ ਸੰਗਮ ਕੰਪਿਊਟਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਖਰੀਦਿਆ ਸੀ ਕੰਪਿਊਟਰ ਵਿੱਚ ਆਈਆਂ ਖਰਾਬੀਆਂ ਬਾਰੇ ਉਕਤ ਫਰਮ ਨੂੰ ਪੱਤਰ ਲਿਖੋ।

2. ਕਿਸੇ ਇੱਕ ਵਿਸ਼ੇ ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ ਰਚਨਾ ਲਿਖੋ।

ਚੋਣਾਂ ਦਾ ਦ੍ਰਿਸ਼ ਜਾਂ ਸਮੇਂ ਦੀ ਪਾਬੰਦੀ

3.ਵਿਆਕਰਨ

ਵਾਕ-ਵਟਾਂਦਰਾ

1.ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੇਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ :

(i) ਕਾਂ ਚਿੜੀ ਤੋਂ ਰੋਟੀ ਖੋਹ ਕੇ ਉੱਡ ਗਿਆ । (ਸੰਯੁਕਤ-ਵਾਕ)

(ii) ਸੰਦੀਪ ਮੀਂਹ ਪੈਣ ਕਾਰਨ ਅੱਜ ਸ਼ਹਿਰ ਨਹੀਂ ਗਈ। (ਮਿਸ਼ਰਿਤ-ਵਾਕ)

(iii) ਚੰਗੇ ਲੋਕ ਸਭ ਦਾ ਚੰਗਾ ਲੋੜਦੇ ਹਨ। (ਨਾਂਹ-ਵਾਚਕ ਵਾਕ)

(iv) ਸੁਮੀਤ ਨੇ ਦੁੱਧ ਪੀਤਾ। (ਕਰਮਣੀ-ਵਾਚ)

(v) ਕਾਸ਼ ਮੇਰੀ ਲਾਟਰੀ ਨਿਕਲ ਆਵੇ । (ਸਾਧਾਰਨ-ਵਾਕ)

2.ਅਖਾਣ/ਅਖਾਉਂਤਾਂ

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ :

(I)ਸਚੈ ਮਾਰਗਿ ਚਲਦਿਆਂ ਉਸਤਤਿ ਕਰੇ ਜਹਾਨੁ।

(ii) ਬਹਿ ਕੇ ਖਾਂਦਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਨੇ।

(iii) ਆਦਰ ਤੇਰੀ ਚਾਦਰ ਨੂੰ ਤੇ ਬਹਿਣਾ ਤੇਰੇ ਗਹਿਣੇ ਨੂੰ।

(iv) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ।

(v)ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਵੇ।

(vi)ਬਿੱਲੀ ਦੇ ਸਰ੍ਹਾਣੇ ਦੁੱਧ ਨਹੀਂ ਜੰਮਦਾ। ਮੈਂ ਜੰਮਦਾ।

ਸਾਹਿਤ

(ਪਾਠ-ਪੁਸਤਕ ਆਧਾਰਿਤ ਪ੍ਰਸ਼ਨ)

1.ਕਵਿਤਾਵਾਂ ਵਿੱਚੋਂ

ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਲੱਗ ਟਾਹਣਾਂ ਗਲ ਵੇਲਾਂ ਸੁੱਤੀਆਂ, ਲੱਗ ਵੇਲਾਂ ਗਲ ਕਲੀਆਂ, ਲੱਗ ਕਲੀਆਂ ਗਲ ਗੰਧਾਂ ਸੁੱਤੀਆਂ, ਨੀਂਦ ਵਲ੍ਹੇਵੇ ਵਲੀਆਂ। ਸ਼ਾਂਤ ਸੁੱਤੇ ਜਮਨਾ ਦੇ ਕੰਢੇ, ਹਰੇ ਭਰੇ ਅਤੇ ਸਾਵੇ, ਨੀਂਦ ਵਿਗੁੱਤੀ ਜਲ-ਧਾਰਾ ਨੂੰ, ਬੰਨ੍ਹੀ ਵਿੱਚ ਕਲਾਵੇ।

ਜਾਂ

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ। ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ। ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰ ਵੈਣ। ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ ।

2. ਕਹਾਣੀਆਂ ਵਿੱਚੋਂ

'ਨੀਲੀ' ਕਹਾਣੀ ਦੇ ਦੇ ਵਿਸ਼ਾ ਵਸਤੂ ਬਾਰੇ 125 ਤੋਂ 150 ਸ਼ਬਦਾਂ ਵਿੱਚ ਚਰਚਾ ਕਰੋ।

ਜਾਂ

'ਘਰ ਜਾ ਆਪਣੇ' ਕਹਾਣੀ ਦੇ ਆਧਾਰ 'ਤੇ ਜੀਤੋ ਦੇ ਵੀਰ' ਦਾ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿੱਚ ਲਿਖੋ।

3.ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ :

(i) 'ਸਾਂਝ' ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਕੀਤਾ ਗਿਆ ਹੈ ?

(ii) 'ਨੀਲੀ' ਦੀ ਵੱਛੀ ਦੀ ਸ਼ਕਲ ਕਿਹੋ ਜਿਹੀ ਸੀ ?

(iii) ਲੇਖਕ ਕਿਸ ਨੂੰ ਚਿੱਠੀ ਲਿਖਣ ਦਾ ਯਤਨ ਕਰ ਰਿਹਾ ਸੀ ?

(iv) ਜੀਤੋ ਦੇ ਵੀਰ ਨੂੰ ਗੱਚ ਕਿਸ ਗੱਲ 'ਤੇ ਆ ਗਿਆ ?

(v) ਨੀਲੀ ਦੀ ਵੱਛੀ ਕਿਉਂ ਮਰ ਗਈ ਸੀ?

4.ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ :

(i) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ ?

(ii) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ?

(iii) ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ ?